# ਖੋਲ੍ਹ ਮਾਂਏਂ ਬੂਹਾ ਤੇਰੇ ਪਿਆਰੇ ਆ ਗਏ

ਖੋਲ੍ਹ ਮਾਂਏਂ ਬੂਹਾ ਤੇਰੇ ਪਿਆਰੇ ਆ ਗਏ

ਖੋਲ੍ਹ, ਮਾਂਏਂ ਬੂਹਾ, ਤੇਰੇ ਪਿਆਰੇ ਆ ਗਏ,
ਦੇਖ ਤੇਰੀ, ਅੱਖ ਦੇ ਮਾਂ, ਤਾਰੇ ਆ ਗਏ ॥
ਘਰ ਵਿੱਚ, ਨਹੀਂਓਂ ਸਾਡਾ, ਦਿਲ ਲੱਗਦਾ ।
ਨੰਗੇ ਪੈਰੀਂ, ਮਾਂਏਂ ਤੇਰੇ, ਦਵਾਰੇ ਆ ਗਏ,
ਖੋਲ੍ਹ, ਮਾਂਏਂ ਬੂਹਾ, ਤੇਰੇ ਪਿਆਰੇ.........

ਗਾਵਾਂਗੇ, ਭੇਟਾਂ, ਨਾਲੇ ਚੌਂਕੀ ਭਰਾਂਗੇ ।
ਦੁੱਖ ਸੁੱਖ, ਨਾਲ ਤੇਰੇ, ਸਾਂਝੇ ਕਰਾਂਗੇ ॥
ਲੈ ਕੇ, ਅਰਮਾਨ, ਕਿੰਨੇ ਸਾਰੇ ਆ ਗਏ ,
ਖੋਲ੍ਹ, ਮਾਂਏਂ ਬੂਹਾ, ਤੇਰੇ ਪਿਆਰੇ..........

ਜੱਗ ਵਿੱਚ, ਲੋਕ ਸਾਰੇ, ਮਤਲਬ ਖ਼ੋਰ ਨੇ ।
ਆਪਣੇ, ਬੇਗਾਨੇ ਏਥੇ, ਦੇਂਦੇ ਦਿਲ ਤੋੜ ਨੇ ॥
ਮਾਂਏਂ ਤੇਰੇ, ਪਿਆਰ ਦੇ ਹੀ, ਮਾਰੇ ਆ ਗਏ ,
ਖੋਲ੍ਹ, ਮਾਂਏਂ ਬੂਹਾ, ਤੇਰੇ ਪਿਆਰੇ..........

ਚੰਚਲ, ਹੈ ਦਿਲ ਸਾਡਾ, ਤੇਰਾ ਪਿਆਰ ਮੰਗਦਾ ।
ਸਾਗਰ, ਏਹ ਕਹਿੰਦਾ ਮਾਂਏਂ, ਕਦੇ ਨਹੀਂ ਸੰਗਦਾ ॥
ਲੈਣ, ਤੇਰੀ ਮੇਹਰ ਦੇ, ਨਜ਼ਾਰੇ ਆ ਗਏ ,
ਖੋਲ੍ਹ, ਮਾਂਏਂ ਬੂਹਾ, ਤੇਰੇ ਪਿਆਰੇ,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33422/title/khol-mayen-buha-tere-pyare-aa-gye

अपने Android मोबाइल पर BhajanGanga App डाउनलोड करें और भजनों का आनंद ले |